# SARS-CoV-2 ਐਂਟੀਜਨ ਰੈਪਿਡ ਟੈਸਟ (ਸਵੈ-ਜਾਂਚ)

## ਪੈਕੇਟ ਵਿਚਲਾ ਪਰਚਾ

| REF L031-118M5 REF L031-118P5 REF L031-118Z5 | ਪੰਜਾਬੀ |
|---|---|

*ਨੱਕ ਦੇ ਮੂਹਰਲੇ ਹਿੱਸੇ ਵਿੱਚੋਂ ਲਏ ਫ਼ੰਬੇ ਦੇ (ਸਵੈਬ) ਨਮੂਨਿਆਂ ਵਿੱਚ SARS-CoV-2 ਨਿਊਕਲੀਓਕੈਪਸੀਡ ਐਂਟੀਜਨਜ਼ ਦਾ ਪਤਾ ਲਗਾਉਣ ਲਈ ਫ਼ਟਾਫਟ ਕੀਤਾ ਜਾਣ ਵਾਲਾ ਟੈਸਟ।*
*ਸਿਰਫ਼ ਕੱਚ ਦੀ ਨਲੀ ਵਿੱਚ ਟੈਸਟ ਕੀਤੇ ਜਾਣ ਦੀ ਵਰਤੋਂ ਲਈ। ਸਵੈ ਜਾਂਚ ਲਈ।*

**ਟੈਸਟ ਕਰਨ ਤੋਂ ਪਹਿਲਾਂ ਇਹਨਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ**

**ਮੁਹੱਈਆ ਸਮੱਗਰੀ:**


| ਕਿੱਟ ਦਾ ਆਕਾਰ | ਸਮੱਗਰੀ |
|---|---|
| 1T | 1 ਟੈਸਟ ਯੰਤਰ, 1 ਨਮੂਨਾ ਰੱਖਣ ਵਾਲੀ ਨਰਮ ਟਿਊਬ, 1 ਵਰਤ ਕੇ ਸੁੱਟ ਦਿੱਤਾ ਜਾਣ ਵਾਲਾ ਫ਼ੰਬਾ, 1 ਕੂੜਾ ਥੈਲੀ, 1 ਪੈਕੇਟ ਵਿਚਲਾ ਪਰਚਾ |
| 5T | 5 ਟੈਸਟ ਯੰਤਰ, 5 ਨਮੂਨਾ ਰੱਖਣ ਵਾਲੀਆਂ ਨਰਮ ਟਿਊਬਾਂ, 5 ਵਰਤ ਕੇ ਸੁੱਟ ਦਿੱਤੇ ਜਾਣ ਵਾਲੇ ਫ਼ੰਬੇ, 5 ਕੂੜਾ ਥੈਲੀਆਂ, 1 ਪੈਕੇਟ ਵਿਚਲਾ ਪਰਚਾ |
| 20T | 20 ਟੈਸਟ ਯੰਤਰ, 20 ਨਮੂਨਾ ਰੱਖਣ ਵਾਲੀਆਂ ਨਰਮ ਟਿਊਬਾਂ, 20 ਵਰਤ ਕੇ ਸੁੱਟ ਦਿੱਤੇ ਜਾਣ ਵਾਲੇ ਫ਼ੰਬੇ, 20 ਕੂੜਾ ਥੈਲੀਆਂ, 1 ਟਿਊਬ ਹੋਲਡਰ, 4 ਪੈਕੇਟ ਵਿਚਲੇ ਪਰਚੇ |

**ਸਮੱਗਰੀ ਦੀ ਲੋੜ ਹੈ ਪਰ ਪ੍ਰਦਾਨ ਨਹੀਂ ਕੀਤੀ ਗਈ ਹੈ:** ਟਾਈਮਰ (ਸਮਾਂ ਵੇਖਣ ਲਈ):


AusDiagnostics.care 'ਤੇ ਕਈ ਭਾਸ਼ਾਵਾਂ ਵਿੱਚ ਇਹ ਹਦਾਇਤ ਗਾਈਡ ਅਤੇ ਇਸ ਟੈਸਟ ਦੀ ਵੀਡੀਓ ਤੱਕ ਪਹੁੰਚ ਕਰਨ ਲਈ ਇਸ ਹਦਾਇਤ ਗਾਈਡ ਜਾਂ ਪੈਕੇਜਿੰਗ ਵਿੱਚ ਦਿੱਤੇ QR ਕੋਡ ਨੂੰ ਸਕੈਨ ਕਰੋ।

ausdiagnostics.care/resources


## ਤਿਆਰੀ

1.



ਆਪਣੇ ਹੱਥ ਧੋਵੋ ਜਾਂ ਰੋਗਾਣੂ-ਮੁਕਤ ਕਰੋ। ਜਾਂਚ ਸ਼ੁਰੂ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਉਹ ਸੁੱਕੇ ਹਨ।

2.


SARS-CoV-2 ਐਂਟੀਜਨ ਰੈਪਿਡ ਟੈਸਟ ਕਿੱਟ ਦੀ ਵਰਤੋਂ ਕਰਨ ਤੋਂ ਪਹਿਲਾਂ ਇਹ ਹਦਾਇਤਾਂ ਪੜ੍ਹੋ।

3.



ਟੈਸਟ ਯੰਤਰ ਦੇ ਫੋਇਲ ਪਾਊਚ 'ਤੇ ਛਾਪੀ ਗਈ ਮਿਆਦ ਪੁੱਗਣ ਦੀ ਮਿਤੀ ਨੂੰ ਵੇਖੋ

4.




ਪੈਕਟ ਨੂੰ ਖੋਲ੍ਹੋ। ਟੈਸਟ ਯੰਤਰ ਨੂੰ ਕਿਸੇ ਪੱਧਰੀ ਅਤੇ ਸਾਫ਼ ਸਤ੍ਹਾ 'ਤੇ ਰੱਖੋ। ਟੈਸਟ ਯੰਤਰ 'ਤੇ 'ਨਤੀਜਾ ਖਿੜਕੀ' ਅਤੇ 'ਨਮੂਨੇ ਨੂੰ ਪਾਉਣ ਲਈ ਬਣੇ ਖੱਡੇ' ਨੂੰ ਵੇਖੋ।

## ਨਮੂਨਾ ਲੈਣਾ

**ਨਮੂਨਾ ਆਪ ਲੈਣਾ**




**ਕਿਸੇ ਬਾਲਗ ਦੇਖਭਾਲਕਰਤਾ ਦੁਆਰਾ ਨਮੂਨਾ ਲੈਣਾ**




18+ ਸਾਲ ਦੀ ਉਮਰ ਦੇ ਵਿਅਕਤੀ ਦੁਆਰਾ ਨੱਕ ਵਿੱਚੋਂ ਫ਼ੰਬੇ ਰਾਹੀਂ ਨਮੂਨਾ ਆਪਣੇ-ਆਪ ਲਿਆ ਜਾ ਸਕਦਾ ਹੈ। 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮਾਤਾ ਜਾਂ ਪਿਤਾ ਜਾਂ ਕਾਨੂੰਨੀ ਸਰਪ੍ਰਸਤ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਇਸ ਟੈਸਟ ਦੀ ਵਰਤੋਂ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਨਾ ਕਰੋ।


## ਟੈਸਟ ਕਰਨ ਦੀ ਵਿਧੀ

1.


ਨਮੂਨਾ ਰੱਖਣ ਵਾਲੀ ਨਰਮ ਟਿਊਬ ਦੇ ਸਿਖਰ ਤੋਂ ਸਿਲਵਰ ਰੰਗ ਦੇ ਕਾਗਜ਼ ਨੂੰ ਧਿਆਨ ਨਾਲ ਹਟਾਓ, ਡੋਲ੍ਹਣ ਤੋਂ ਬਚੋ।

2.



ਟਿਊਬ ਨੂੰ ਕਿੱਟ ਬਾਕਸ 'ਤੇ ਬਣੇ ਸੁਰਾਖ਼ ਵਿੱਚ ਪਾਓ। (ਜਾਂ ਇਸ ਟਿਊਬ ਨੂੰ ਟਿਊਬ ਹੋਲਡਰ ਵਿੱਚ ਰੱਖੋ।)

3.



ਫ਼ੰਬੇ ਦੇ ਡੱਕੇ ਵਾਲੇ ਸਿਰੇ ਵਲੋਂ ਫ਼ੰਬੇ ਦੀ ਪੈਕਿੰਗ ਨੂੰ ਖੋਲ੍ਹੋ। ***ਸਾਵਧਾਨ:* ਫ਼ੰਬੇ ਦੀ ਸੋਖਕ ਨੋਕ ਨੂੰ ਆਪਣੇ ਹੱਥਾਂ ਨਾਲ ਨਾ ਛੂਹੋ।**

4.



ਫ਼ੰਬੇ ਦੀ ਸਾਰੀ ਸੋਖਣ ਵਾਲੀ ਨੋਕ ਨੂੰ ਇੱਕ ਪਾਸੇ ਦੀ ਨਾਸ ਵਿੱਚ ਪਾਓ। ਆਰਾਮ ਨਾਲ ਘੁੰਮਾਉਂਦੇ ਹੋਏ, ਫ਼ੰਬੇ ਨੂੰ ਨਾਸ ਦੇ ਕਿਨਾਰੇ ਤੋਂ 2.5 ਸੈਂਟੀਮੀਟਰ ਤੋਂ ਘੱਟ ਅੰਦਰ ਤੱਕ ਧੱਕੋ।

5.



ਫ਼ੰਬੇ ਨੂੰ 5 ਵਾਰ ਬੁਰਸ਼ ਵਾਂਗ ਨੱਕ ਦੇ ਅੰਦਰਲੇ ਪਾਸੇ ਘੁਮਾਓ। ਫ਼ੰਬੇ ਨੂੰ ਬਾਹਰ ਕੱਢੋ ਅਤੇ ਇਸਨੂੰ ਦੂਜੀ ਨਾਸ ਵਿੱਚ ਪਾਓ। ਕਦਮ 4 ਦੁਹਰਾਓ।

6.



ਫ਼ੰਬੇ ਨੂੰ ਨੱਕ ਵਿੱਚੋਂ ਬਾਹਰ ਕੱਢੋ।

7.




ਇਸ ਫ਼ੰਬੇ ਨੂੰ ਟਿਊਬ ਵਿੱਚ ਪਾਓ ਅਤੇ 30 ਸਕਿੰਟਾਂ ਲਈ ਘੁੰਮਾਓ।

8.




ਟਿਊਬ ਦੇ ਪਾਸੇ ਨੂੰ ਦਬਾਉਂਦੇ ਹੋਏ ਇਸ ਫ਼ੰਬੇ ਨੂੰ 5 ਵਾਰ ਅੰਦਰ ਘੁੰਮਾਓ।

9.


ਇਸ ਫ਼ੰਬੇ ਨੂੰ ਟਿਊਬ ਨੂੰ ਦਬਾ ਕੇ ਨਿਚੋੜਦੇ ਹੋਏ ਬਾਹਰ ਕੱਢੋ

10.


ਬੂੰਦਾਂ ਟੱਪਕਾਉਣ ਵਾਲੇ ਢੱਕਣ ਨੂੰ ਨਰਮ ਟਿਊਬ 'ਤੇ ਮਜ਼ਬੂਤੀ ਨਾਲ ਲਗਾ ਦਿਓ। ਇਸ ਟਿਊਬ ਦੇ ਹੇਠਲੇ ਹਿੱਸੇ ਨੂੰ ਘੁੰਮਾ ਕੇ ਜਾਂ ਹਿਲਾ ਕੇ ਚੰਗੀ ਤਰ੍ਹਾਂ ਮਿਲਾਓ।

11.




ਟਿਊਬ ਨੂੰ ਹੌਲੀ-ਹੌਲੀ ਨਿਚੋੜੋ ਅਤੇ ਨਮੂਨੇ ਵਾਲੇ ਗੋਲ ਖੱਡੇ ਵਿੱਚ ਇਸ ਘੋਲ ਦੀਆਂ **4 ਬੂੰਦਾਂ** ਪਾਓ।

12.


15-30 min.


ਜਦੋਂ ਟਾਈਮਰ (ਸਮਾਂ ਵੇਖਣ ਵਾਲਾ ਯੰਤਰ) 15-30 ਮਿੰਟ ਤੱਕ ਪਹੁੰਚਦਾ ਹੈ ਤਾਂ ਨਤੀਜਾ ਪੜ੍ਹੋ। ਇਸਨੂੰ 30 ਮਿੰਟ ਤੋਂ ਬਾਅਦ ਨਾ ਪੜ੍ਹੋ।

## ਨਤੀਜੇ ਨੂੰ ਵੇਖਣਾ





**ਨੈਗੇਟਿਵ**

ਸਿਰਫ਼ ਕੰਟਰੋਲ ਲਾਈਨ (C) ਅਤੇ 'ਕੋਈ ਟੈਸਟ ਲਾਈਨ ਨਹੀਂ' (T) ਦਿਖਾਈ ਦਿੰਦੇ ਹਨ। ਇਸਦਾ ਮਤਲਬ ਹੈ ਕਿ ਕੋਈ SARS-CoV-2 ਐਂਟੀਜਨ ਨਹੀਂ ਪਾਇਆ ਗਿਆ ਸੀ। ਟੈਸਟ ਦਾ ਨਕਾਰਾਤਮਕ ਨਤੀਜਾ ਇਹ ਦਰਸਾਉਂਦਾ ਹੈ ਕਿ ਤੁਹਾਨੂੰ ਇਸ ਸਮੇਂ COVID-19 ਬਿਮਾਰੀ ਹੋਣ ਦੀ ਸੰਭਾਵਨਾ ਨਹੀਂ ਹੈ। ਦੂਜਿਆਂ ਨਾਲ ਸੰਪਰਕ ਕਰਨ ਵੇਲੇ ਸਾਰੇ ਲਾਗੂ ਨਿਯਮਾਂ ਅਤੇ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨਾ ਜਾਰੀ ਰੱਖੋ। ਇਸ ਟੈਸਟ ਦੇ ਨੈਗੇਟਿਵ (ਨਕਾਰਾਤਮਕ) ਹੋਣ 'ਤੇ ਵੀ ਇਨਫੈਕਸ਼ਨ ਹੋਇਆ ਹੋ ਸਕਦਾ ਹੈ। **ਜੇਕਰ ਇਹ ਸ਼ੱਕ ਸੁਦਾ ਹੈ, ਤਾਂ 1 - 2 ਦਿਨਾਂ ਬਾਅਦ ਇਸ ਟੈਸਟ ਨੂੰ ਦੁਹਰਾਓ, ਕਿਉਂਕਿ ਲਾਗ ਦੇ ਸਾਰੇ ਪੜਾਵਾਂ ਵਿੱਚ ਕੋਰੋਨਵਾਇਰਸ ਦਾ ਸਹੀ ਢੰਗ ਨਾਲ ਪਤਾ ਨਹੀਂ ਲਗਾਇਆ ਜਾ ਸਕਦਾ ਹੈ।**




**ਪੌਜ਼ੇਟਿਵ**

ਕੰਟਰੋਲ ਲਾਈਨ (C) ਅਤੇ ਟੈਸਟ ਲਾਈਨ (T) ਦੋਵੇਂ ਦਿਖਾਈ ਦਿੰਦੇ ਹਨ। ਇਸਦਾ ਮਤਲਬ ਹੈ ਕਿ SARS-CoV-2 ਐਂਟੀਜਨ ਹੋਣ ਦਾ ਪਤਾ ਲੱਗਿਆ ਹੈ।
***ਨੋਟ: ਟੈਸਟ ਲਾਈਨ ਖੇਤਰ (T) ਵਿੱਚ ਕਿੰਨੀ ਵੀ ਫ਼ਿੱਕੀ ਲਾਈਨ ਨੂੰ ਸਕਾਰਾਤਮਕ (ਪੌਜ਼ੇਟਿਵ) ਹੋਣਾ ਮੰਨਿਆ ਜਾਣਾ ਚਾਹੀਦਾ ਹੈ।***
ਪੌਜ਼ੇਟਿਵ ਟੈਸਟ ਦੇ ਨਤੀਜੇ ਦਾ ਮਤਲਬ ਹੈ ਕਿ ਇਸਦੀ ਬਹੁਤ ਸੰਭਾਵਨਾ ਹੈ ਕਿ ਤੁਹਾਨੂੰ ਇਸ ਸਮੇਂ COVID-19 ਬਿਮਾਰੀ ਹੈ। ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਦੀ ਸਲਾਹ ਅਤੇ ਨਿਯਮਾਂ ਦੀ ਪਾਲਣਾ ਕਰੋ। ਸਵੈ-ਇਕਾਂਤਵਾਸ ਕਰਨ ਲਈ ਸਥਾਨਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।




**ਅਵੈਧ**

ਕੰਟਰੋਲ ਲਾਈਨ (C) ਦਿਖਾਈ ਨਹੀਂ ਦਿੰਦੀ ਹੈ। ਲੋੜੀਂਦੇ ਨਮੂਨੇ ਦੀ ਮਾਤਰਾ ਜਾਂ ਗਲਤ ਤਰੀਕੇ ਨਾਲ ਟੈਸਟ ਕਰਨਾ ਅਵੈਧ ਨਤੀਜਾ ਆਉਣ ਦੇ ਸੰਭਾਵਿਤ ਕਾਰਨ ਹਨ। ਹਦਾਇਤਾਂ ਦੀ ਦੁਬਾਰਾ ਸਮੀਖਿਆ ਕਰੋ ਅਤੇ ਨਵੇਂ ਟੈਸਟ ਯੰਤਰ ਨਾਲ ਇਸ ਟੈਸਟ ਨੂੰ ਦੁਹਰਾਓ। ਜੇਕਰ ਟੈਸਟ ਦੇ ਨਤੀਜੇ ਫਿਰ ਅਵੈਧ ਰਹਿੰਦੇ ਹਨ, ਤਾਂ ਆਪਣੀ ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀਆਂ ਕੋਰੋਨਵਾਇਰਸ ਜਾਂਚ ਸੇਵਾਵਾਂ ਨਾਲ ਸੰਪਰਕ ਕਰੋ।

## ਆਪਣੀ ਟੈਸਟ ਕਿੱਟ ਦਾ ਸੁਰੱਖਿਅਤ ਨਿਪਟਾਰਾ ਕਰੋ

ਇੱਕ ਵਾਰ ਜਦੋਂ ਤੁਹਾਡਾ ਟੈਸਟ ਪੂਰਾ ਹੋ ਜਾਂਦਾ ਹੈ, ਤਾਂ ਵਰਤੀ ਗਈ ਟੈਸਟ ਕਿੱਟ ਦੀਆਂ ਸਾਰੀਆਂ ਸਮੱਗਰੀਆਂ ਪ੍ਰਦਾਨ ਕੀਤੇ ਗਏ ਕੂੜੇ ਦੇ ਬੈਗ ਵਿੱਚ ਪਾ ਦਿਓ। ਇਸਨੂੰ ਆਪਣੇ ਆਮ ਘਰੇਲੂ ਕੂੜੇ ਵਿੱਚ ਪਾ ਦਿਓ।

**AusDiagnostics ਸਹਾਇਤਾ ਹੈਲਪਲਾਈਨ:**
**1800951381 (24 ਘੰਟੇ, 7 ਦਿਨ)**

## ਇਰਾਦਤਨ ਵਰਤੋਂ

SARS-CoV-2 ਐਂਟੀਜਨ ਰੈਪਿਡ ਟੈਸਟ ਲੱਛਣਾਂ ਦੀ ਸ਼ੁਰੂਆਤ ਦੇ ਪਹਿਲੇ ਸੱਤ ਦਿਨਾਂ ਦੇ ਅੰਦਰ COVID-19 ਦੇ ਸ਼ੱਕੀ ਵਿਅਕਤੀਆਂ ਤੋਂ ਸਿੱਧੇ ਤੌਰ 'ਤੇ ਨੱਕ ਦੇ ਮੂਹਰਲੇ ਪਾਸੇ ਤੋਂ ਫ਼ੰਬੇ ਰਾਹੀਂ ਲਏ ਗਏ ਨਮੂਨਿਆਂ ਵਿੱਚ SARS-CoV-2 ਤੋਂ ਨਿਊਕਲੀਓਕੈਪਸੀਡ ਐਂਟੀਜਨ ਨੂੰ ਗੁਣਾਂ ਦੇ ਆਧਾਰ 'ਤੇ ਪਤਾ ਲਗਾਉਣ ਲਈ ਇੱਕ ਪਾਸੇ ਦਾ ਪ੍ਰਵਾਹ ਟੈਸਟ ਹੈ। ਇਹ SARS-CoV ਅਤੇ SARS-CoV-2 ਵਿਚਕਾਰ ਫ਼ਰਕ ਨਹੀਂ ਕਰਦਾ ਹੈ।

ਨਤੀਜੇ SARS-CoV-2 ਐਂਟੀਜਨ ਦੀ ਪਛਾਣ ਲਈ ਹਨ। ਇਹ ਐਂਟੀਜਨ ਆਮ ਤੌਰ 'ਤੇ ਲਾਗ ਦੇ ਸਿਖਰਲੇ ਪੜਾਅ ਦੌਰਾਨ ਸਾਹ ਪ੍ਰਣਾਲੀ ਦੇ ਉਪਰਲੇ ਹਿੱਸੇ ਤੋਂ ਲਏ ਨਮੂਨਿਆਂ ਵਿੱਚ ਪਾਇਆ ਜਾਂਦਾ ਹੈ। ਹਾਂ-ਪੱਖੀ (ਪੌਜ਼ੇਟਿਵ) ਨਤੀਜੇ ਵਾਇਰਲ ਐਂਟੀਜਨਾਂ ਮੌਜੂਦਗੀ ਨੂੰ ਦਰਸਾਉਂਦੇ ਹਨ, ਪਰ ਲਾਗ ਦੀ ਸਥਿਤੀ ਦਾ ਪਤਾ ਲਗਾਉਣ ਲਈ ਵਿਅਕਤੀਗਤ ਇਤਿਹਾਸ ਅਤੇ ਹੋਰ ਡਾਇਗਨੌਸਟਿਕ ਜਾਣਕਾਰੀ ਜ਼ਰੂਰੀ ਹੁੰਦੀ ਹੈ। ਹਾਂ-ਪੱਖੀ ਨਤੀਜੇ ਬੈਕਟੀਰੀਆ ਦੀ ਲਾਗ ਜਾਂ ਦੂਜੇ ਵਾਇਰਸਾਂ ਨਾਲ ਸਹਿ-ਸੰਕਰਮਣ ਨੂੰ ਰੱਦ ਨਹੀਂ ਕਰਦੇ ਹਨ। ਹੋ ਸਕਦਾ ਹੈ ਕਿ ਪਤਾ ਲੱਗਿਆ ਏਜੰਟ ਬਿਮਾਰੀ ਦਾ ਸਹੀ ਕਾਰਨ ਨਾ ਵੀ ਹੋਵੇ।

ਇਹ SARS-CoV-2 ਐਂਟੀਜਨ ਰੈਪਿਡ ਟੈਸਟ ਕੇਵਲ ਅਨੁਮਾਨਤ ਸਕ੍ਰੀਨਿੰਗ ਲਈ ਹੈ। ਸੰਬੰਧਿਤ ਸਟੇਟ ਜਾਂ ਟ੍ਰੀਟਰੀ ਸਿਹਤ ਅਥਾਰਟੀ ਦੀ ਸਲਾਹ ਅਤੇ ਨਿਯਮਾਂ ਦੀ ਪਾਲਣਾ ਕਰੋ।

ਨਾ-ਪੱਖੀ (ਨੈਗੇਟਿਵ) ਨਤੀਜੇ SARS-CoV-2 ਦੀ ਲਾਗ ਹੋਣ ਨੂੰ ਰੱਦ ਨਹੀਂ ਕਰਦੇ ਹਨ। SARS-CoV-2 ਐਂਟੀਜਨ ਰੈਪਿਡ ਟੈਸਟ ਦਾ ਉਦੇਸ਼ SARS-CoV-2 ਦੀ ਲਾਗ ਪਤਾ ਲਗਾਉਣ ਵਿੱਚ ਮਦਦ ਕਰਨ ਲਈ ਵਰਤਿਆ ਜਾਣਾ ਹੈ।

18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਦੁਆਰਾ ਸਵੈ-ਜਾਂਚ ਦੀ ਵਰਤੋਂ-ਯੋਗਤਾ ਨਿਰਧਾਰਤ ਨਹੀਂ ਕੀਤੀ ਗਈ ਹੈ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਦੀ ਕਿਸੇ ਬਾਲਗ ਦੁਆਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ। 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਇਸ ਟੈਸਟ ਦੀ ਵਰਤੋਂ ਨਾ ਕਰੋ।

## ਸੰਖੇਪ-ਸਾਰ

ਨਵੇਂ ਕੋਰੋਨਾਵਾਇਰਸ ਬੀਟਾ ਜੀਨਸ ਨਾਲ ਸੰਬੰਧਿਤ ਹਨ। COVID-19 ਇੱਕ ਗੰਭੀਰ ਸਾਹ ਦੀ ਛੂਤ ਨਾਲ ਲੱਗਣ ਵਾਲੀ ਬਿਮਾਰੀ ਹੈ। ਇਸ ਸਮੇਂ, ਨਵੇਂ ਕੋਰੋਨਾਵਾਇਰਸ ਦੁਆਰਾ ਲਾਗ-ਗ੍ਰਸਤ ਮਰੀਜ਼ ਇਸ ਲਾਗ ਦਾ ਮੁੱਖ ਸਰੋਤ ਹਨ; ਬਿਨਾਂ ਲੱਛਣਾਂ ਵਾਲੇ ਲਾਗ-ਗ੍ਰਸਤ ਲੋਕ ਦੂਜਿਆਂ ਨੂੰ ਵੀ ਲਾਗ ਲਗਾ ਸਕਦੇ ਹਨ। ਮੌਜੂਦਾ ਜਾਣਕਾਰੀ ਦੇ ਆਧਾਰ 'ਤੇ, ਇਸਦੇ ਪਨਪਣ ਦੀ ਮਿਆਦ 1 ਤੋਂ 14 ਦਿਨ ਹੈ, ਜ਼ਿਆਦਾਤਰ 3 ਤੋਂ 7 ਦਿਨ। ਇਸਦੇ ਮੁੱਖ ਲੱਛਣਾਂ ਵਿੱਚ ਬੁਖਾਰ, ਥਕਾਵਟ ਅਤੇ ਸੁੱਕੀ ਖੰਘ ਸ਼ਾਮਲ ਹਨ। ਕੁੱਝ ਮਾਮਲਿਆਂ ਵਿੱਚ ਨੱਕ ਬੰਦ ਹੋਣਾ, ਨੱਕ ਵਗਣਾ, ਗਲੇ ਵਿੱਚ ਖਰਾਸ਼, ਮਾਸਪੇਸ਼ੀ ਦੇ ਦਰਦ ਅਤੇ ਪੀੜਾਂ, ਅਤੇ ਦਸਤ ਲੱਗਣੇ ਪਾਏ ਜਾਂਦੇ ਹਨ।

## ਸਿਧਾਂਤ

SARS-CoV-2 ਐਂਟੀਜਨ ਰੈਪਿਡ ਟੈਸਟ ਮਨੁੱਖੀ ਨੱਕ ਦੇ ਮੂਹਰਲੇ ਪਾਸੇ ਤੋਂ ਲਏ ਫ਼ੰਬੇ ਦੇ ਨਮੂਨਿਆਂ ਵਿੱਚ SARS-CoV-2 ਤੋਂ ਨਿਊਕਲੀਓਕੈਪਸੀਡ ਐਂਟੀਜਨ ਦਾ ਪਤਾ ਲਗਾਉਣ ਲਈ ਇੱਕ ਟੈਸਟ ਹੈ। ਰੰਗਦਾਰ ਲਾਈਨਾਂ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਦੇ ਆਧਾਰ 'ਤੇ ਟੈਸਟ ਦੇ ਨਤੀਜੇ 15-30 ਮਿੰਟਾਂ ਵਿਚਕਾਰ ਵੇਖਕੇ ਪੜ੍ਹੇ ਜਾਂਦੇ ਹਨ।

ਪ੍ਰਕਿਰਿਆ ਦੇ ਕੰਟਰੋਲ ਦੇ ਤੌਰ 'ਤੇ ਕੰਮ ਕਰਨ ਲਈ, ਇੱਕ ਰੰਗੀਨ ਲਾਈਨ ਹਮੇਸ਼ਾਂ ਕੰਟਰੋਲ ਲਾਈਨ ਖੇਤਰ ਵਿੱਚ ਦਿਖਾਈ ਦੇਵੇਗੀ ਜੋ ਇਹ ਦਰਸਾਉਂਦੀ ਹੈ ਕਿ ਉਚਿਤ ਮਾਤਰਾ ਵਿੱਚ ਨਮੂਨਾ ਪਾਇਆ ਗਿਆ ਸੀ ਅਤੇ ਝਿੱਲੀ ਵਿੱਚ ਇਸਦੀ ਸਮਾਈ ਹੋਈ ਹੈ।

## ਰੀਐਜੈਂਟ (ਰਸਾਇਣਕ ਪ੍ਰਤੀਕ੍ਰਿਆ ਪੈਦਾ ਕਰਨ ਵਾਲਾ ਪਦਾਰਥ)

ਟੈਸਟ ਯੰਤਰ ਵਿੱਚ ਐਂਟੀ-SARS-CoV-2 ਐਂਟੀਬਾਡੀਜ਼ ਅਤੇ ਬੱਕਰੀ ਐਂਟੀ ਮਾਊਸ IgG ਸ਼ਾਮਲ ਹਨ। ਨਮੂਨੇ ਲਈ ਨਰਮ ਟਿਊਬ ਵਿਚਲੇ ਪਦਾਰਥ ਵਿੱਚ ਡਿਟਰਜੈਂਟ ਅਤੇ ਟ੍ਰਿਸ ਬਫਰ ਸ਼ਾਮਲ ਹੁੰਦੇ ਹਨ।

## ਚੇਤਾਵਨੀਆਂ, ਸਾਵਧਾਨੀਆਂ, ਅਤੇ ਸੁਰੱਖਿਆ ਜਾਣਕਾਰੀ

- ਟੈਸਟ ਕਰਨ ਤੋਂ ਪਹਿਲਾਂ SARS-CoV-2 ਐਂਟੀਜਨ ਰੈਪਿਡ ਟੈਸਟ ਪੈਕੇਟ ਵਿਚਲੇ ਪਰਚੇ ਨੂੰ ਧਿਆਨ ਨਾਲ ਪੜ੍ਹੋ। ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਨਾਕਾਮੀ ਗਲਤ ਟੈਸਟ ਨਤੀਜੇ ਪੈਦਾ ਕਰ ਸਕਦੀ ਹੈ।
- ਇਸ ਟੈਸਟ ਦਾ ਉਦੇਸ਼ ਮੌਜੂਦਾ COVID-19 ਲਾਗ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਨਾ ਹੈ। ਕਿਰਪਾ ਕਰਕੇ ਆਪਣੇ ਨਤੀਜਿਆਂ ਬਾਰੇ ਚਰਚਾ ਕਰਨ ਲਈ ਅਤੇ ਜੇਕਰ ਹੋਰ ਵਾਧੂ ਜਾਂਚ ਦੀ ਲੋੜ ਹੈ, ਸਟੇਟ ਜਾਂ ਟ੍ਰੀਟਰੀ ਦੀਆਂ ਕੋਰੋਨਵਾਇਰਸ ਟੈਸਟਿੰਗ ਸੇਵਾਵਾਂ ਨਾਲ ਸੰਪਰਕ ਕਰੋ।
- ਦੋ ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ 'ਤੇ ਇਸਨੂੰ ਨਾ ਵਰਤੋ।
- ਵਰਤੋਂ ਕਰਨ ਲਈ ਤਿਆਰ ਹੋਣ ਤੱਕ ਕਿੱਟ ਸਮੱਗਰੀ ਨੂੰ ਨਾ ਖੋਲ੍ਹੋ। ਜੇਕਰ ਟੈਸਟ ਕਰਨ ਵਾਲੀ ਡੱਬੀ ਇੱਕ ਘੰਟਾ ਜਾਂ ਇਸਤੋਂ ਵੱਧ ਸਮੇਂ ਲਈ ਖੁੱਲ੍ਹੀ ਰਹਿੰਦੀ ਹੈ, ਤਾਂ ਟੈਸਟ ਨਤੀਜੇ ਅਵੈਧ ਆ ਸਕਦੇ ਹਨ
- ਕਿੱਟ ਦੀ ਕਿਸੇ ਵੀ ਸਮੱਗਰੀ ਦੀ ਮੁੜ ਵਰਤੋਂ ਨਾ ਕਰੋ। ਇਸਨੂੰ ਇਕ ਤੋਂ ਵੱਧ ਨਮੂਨਿਆਂ ਨਾਲ ਨਾ ਵਰਤੋ।
- ਨੱਕ ਵਿੱਚੋਂ ਨਮੂਨਾ ਲੈਣ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਤੱਕ ਨੱਕ ਲਈ ਸਪਰੇਅ ਦੀ ਵਰਤੋਂ ਨਾ ਕਰੋ।
- ਇਸ ਟੈਸਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਨੱਕ ਵਿੱਚੋਂ ਕਿਸੇ ਵੀ ਨੱਕ ਵਿੰਨ੍ਹ ਕੇ ਪਹਿਨੇ ਗਹਿਣੇ ਨੂੰ ਉਤਾਰ ਦਿਓ।
- ਨੱਕ ਵਿੱਚੋਂ ਨਾ-ਕਾਫ਼ੀ ਜਾਂ ਗਲਤ ਤਰੀਕੇ ਨਾਲ ਲਏ ਫ਼ੰਬੇ ਦੇ ਨਮੂਨੇ ਨਾਲ ਗਲਤ-ਨੈਗੇਟਿਵ ਟੈਸਟ ਨਤੀਜੇ ਮਿਲ ਸਕਦੇ ਹਨ।
- ਫ਼ੰਬੇ ਨੂੰ ਸੰਭਾਲਦੇ ਸਮੇਂ ਫ਼ੰਬੇ ਦੇ ਸਿਰ ਨੂੰ ਨਾ ਛੂਹੋ।
- ਲੱਛਣਾਂ ਦੀ ਸ਼ੁਰੂਆਤ ਤੋਂ 7 ਦਿਨਾਂ ਬਾਅਦ ਗਲਤ-ਨੈਗੇਟਿਵ ਨਤੀਜੇ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਜੇਕਰ ਤੁਹਾਡਾ ਟੈਸਟ ਨੈਗੇਟਿਵ ਆਉਂਦਾ ਹੈ ਅਤੇ ਤੁਸੀਂ ਲੱਛਣਾਂ ਦਾ ਅਨੁਭਵ ਕਰਨਾ ਜਾਰੀ ਰੱਖਦੇ ਹੋ ਜਾਂ ਲੱਛਣ ਵਧੇਰੇ ਗੰਭੀਰ ਹੋ ਜਾਂਦੇ ਹਨ, ਜੇਕਰ ਲੋੜ ਹੋਵੇ ਤਾਂ ਕਿਰਪਾ ਕਰਕੇ ਪੁਸ਼ਟੀਕਰਨ ਜਾਂਚ ਬਾਰੇ ਸੇਧ ਲੈਣ ਲਈ ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਨਾਲ ਸੰਪਰਕ ਕਰੋ। ਨੂੰ ਵੇਖੋ। ਜੇਕਰ ਤੁਸੀਂ ਬਿਮਾਰ ਹੋ ਤਾਂ ਤੁਹਾਨੂੰ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।
- ਲਾਗ ਦੇ ਮਗਰਲੇ ਪੜਾਅ ਵਿੱਚ ਵਾਇਰਸ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਬਗ਼ੈਰ ਲੱਛਣਾਂ ਵਾਲੇ ਵਿਅਕਤੀਆਂ ਵਿੱਚ ਵਾਇਰਸ ਦੀ ਮਾਤਰਾ ਨੂੰ ਘੱਟ ਮੰਨਿਆ ਜਾਂਦਾ ਹੈ। ਇਹਨਾਂ ਸਥਿਤੀਆਂ ਵਿੱਚ ਇਹ ਟੈਸਟ ਘੱਟ ਸੰਵੇਦਨਸ਼ੀਲ ਹੋ ਸਕਦਾ ਹੈ।
- ਜੇਕਰ ਲਾਗ ਹੋਣ ਦਾ ਸ਼ੱਕ ਲਗਾਤਾਰ ਜਾਰੀ ਹੈ, ਤੁਸੀਂ ਉੱਚ-ਜੋਖਮ ਵਾਲੇ ਸਥਾਨ ਦੇ ਸੰਪਰਕ ਵਿੱਚ ਹੋ, ਜਾਂ ਜੇ ਇਹ ਇੱਕ ਪੇਸ਼ੇ ਦੀ ਸ਼ਰਤ ਹੈ ਤਾਂ 1-2 ਦਿਨਾਂ ਦੇ ਅੰਦਰ ਟੈਸਟ ਨੂੰ ਦੁਬਾਰਾ ਕਰੋ।
- ਪਾਊਚ 'ਤੇ ਦਿਖਾਈ ਗਈ ਮਿਆਦ ਪੁੱਗਣ ਦੀ ਮਿਤੀ ਤੋਂ ਬਾਅਦ ਟੈਸਟ ਦੀ ਵਰਤੋਂ ਨਾ ਕਰੋ।
- ਟੈਸਟ ਤੋਂ ਪਹਿਲਾਂ ਅਤੇ ਦੌਰਾਨ ਕੁੱਝ ਨਾ ਖਾਓ-ਪੀਓ ਜਾਂ ਸਿਗਰਟ ਨਾ ਪੀਓ।
- ਜੇਕਰ ਪਾਊਚ ਨੁਕਸਾਨਿਆ ਹੋਇਆ ਹੈ ਜਾਂ ਸੀਲ ਬੰਦ ਨਹੀਂ ਹੈ ਤਾਂ ਟੈਸਟ ਦੀ ਵਰਤੋਂ ਨਾ ਕਰੋ।
- ਸਾਰੇ ਵਰਤੇ ਗਏ ਟੈਸਟਾਂ, ਨਮੂਨਿਆਂ ਅਤੇ ਸੰਭਾਵੀ ਤੌਰ 'ਤੇ ਦੂਸ਼ਿਤ ਸਮੱਗਰੀਆਂ ਦਾ ਸਥਾਨਕ ਨਿਯਮਾਂ ਅਨੁਸਾਰ ਨਿਪਟਾਰਾ ਕਰਨਾ ਚਾਹੀਦਾ ਹੈ।
- ਨਮੀ ਅਤੇ ਤਾਪਮਾਨ ਨਤੀਜਿਆਂ 'ਤੇ ਮਾੜਾ ਅਸਰ ਪਾ ਸਕਦੇ ਹਨ।
- ਉੱਚ ਵਾਇਰਲ ਮਾਤਰਾ ਵਾਲੇ ਨਮੂਨੇ ਲਈ ਟੈਸਟ ਲਾਈਨ 15 ਮਿੰਟਾਂ ਦੇ ਅੰਦਰ, ਜਾਂ ਜਿਵੇਂ ਹੀ ਨਮੂਨਾ ਟੈਸਟ ਲਾਈਨ ਖੇਤਰ ਵਿੱਚੋਂ ਲੰਘਦਾ ਹੈ, ਦਿਖਾਈ ਦੇ ਸਕਦੀ ਹੈ।
- ਘੱਟ ਵਾਇਰਲ ਮਾਤਰਾ ਵਾਲੇ ਨਮੂਨੇ ਲਈ ਟੈਸਟ ਲਾਈਨ 30 ਮਿੰਟਾਂ ਦੇ ਅੰਦਰ ਦਿਖਾਈ ਦੇ ਸਕਦੀ ਹੈ।
- ਜਦੋਂ ਨੱਕ ਵਿੱਚੋਂ ਖ਼ੂਨ ਆ ਰਿਹਾ ਹੋਵੇ ਤਾਂ ਨੱਕ ਵਿੱਚੋਂ ਫ਼ੰਬੇ ਦੇ ਨਮੂਨੇ ਨੂੰ ਨਾ ਲਓ।
- ਵਰਤੋਂ ਤੋਂ ਬਾਅਦ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ।
- ਟੈਸਟ ਕਿੱਟ ਨੂੰ ਬੱਚਿਆਂ ਅਤੇ ਜਾਨਵਰਾਂ ਤੋਂ ਦੂਰ ਰੱਖੋ।
- ਨਮੂਨਾ ਰੱਖਣ ਵਾਲੀ ਨਰਮ ਟਿਊਬ ਵਿਚਲਾ ਪਦਾਰਥ ਵਾਇਰਸ ਨੂੰ ਅਕਿਰਿਆਸ਼ੀਲ ਕਰ ਸਕਦਾ ਹੈ ਜੋ ਮਾਈਕਰੋਬਾਇਓਲੋਜੀਕਲ ਖਤਰਿਆਂ ਦੇ ਜ਼ੋਖਮ ਨੂੰ ਘੱਟ ਕਰ ਸਕਦਾ ਹੈ। ਆਮ ਲੋਕਾਂ ਵਿੱਚ SARS-CoV-2 ਦੇ ਫ਼ੈਲਾਅ ਨੂੰ ਘਟਾਉਣ ਲਈ ਵਰਤੇ ਗਏ ਫ਼ੰਬੇ ਅਤੇ ਹੋਰ ਟੈਸਟ ਕਿੱਟ ਸਮੱਗਰੀਆਂ ਨੂੰ ਸਾਵਧਾਨੀ ਨਾਲ ਸੰਭਾਲਣਾ ਅਤੇ ਨਿਪਟਾਉਣਾ ਅਜੇ ਵੀ ਜ਼ਰੂਰੀ ਹੈ ਜਿਵੇਂ ਕਿ ਉਹਨਾਂ ਵਿੱਚ ਛੂਤ ਵਾਲੇ ਏਜੰਟ ਸ਼ਾਮਲ ਹਨ।
- ਜੇਕਰ ਨਰਮ ਟਿਊਬ ਵਿਚਲਾ ਪਦਾਰਥ ਚਮੜੀ ਜਾਂ ਅੱਖਾਂ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਬਹੁਤ ਸਾਰੇ ਪਾਣੀ ਨਾਲ ਧੋਵੋ। ਜੇਕਰ ਜਲੂਣ ਜਾਰੀ ਰਹਿੰਦੀ ਹੈ, ਤਾਂ ਡਾਕਟਰ ਤੋਂ ਡਾਕਟਰੀ ਸਲਾਹ ਲਓ ਜਾਂ ਫਸਟ ਏਡ ਜ਼ਹਿਰ ਜਾਣਕਾਰੀ ਕੇਂਦਰ ਨਾਲ ਸੰਪਰਕ ਕਰੋ (ਆਸਟ੍ਰੇਲੀਆ ਵਿੱਚ 13 11 26 ਅਤੇ ਨਿਊਜ਼ੀਲੈਂਡ ਵਿੱਚ 0800 764 766 'ਤੇ ਫ਼ੋਨ ਕਰੋ)।

## ਸੰਭਾਲ ਅਤੇ ਸਥਿਰਤਾ

- ਕਿੱਟ ਨੂੰ 2 - 30 ਡਿਗਰੀ ਸੈਲਸੀਅਸ ਦੇ ਤਾਪਮਾਨ 'ਤੇ ਰੱਖਿਆ ਜਾ ਸਕਦਾ ਹੈ।
- ਸੀਲ ਬੰਦ ਪਾਊਚ 'ਤੇ ਛਾਪੀ ਗਈ ਮਿਆਦ ਲੰਘਣ ਦੀ ਮਿਤੀ ਤੱਕ ਟੈਸਟ ਸਥਿਰ ਰਹਿੰਦਾ ਹੈ। ਮਿਆਦ ਲੰਘਣ ਦੀ ਮਿਤੀ ਤੋਂ ਬਾਅਦ ਇਸਦੀ ਵਰਤੋਂ ਨਾ ਕਰੋ।
- ਟੈਸਟ ਨੂੰ ਵਰਤੋਂ ਤੱਕ ਸੀਲ ਬੰਦ ਪਾਊਚ ਵਿੱਚ ਰੱਖਣਾ ਚਾਹੀਦਾ ਹੈ।
- ਫ੍ਰੀਜ਼ ਨਾ ਕਰੋ।

## ਗੁਣਵੱਤਾ ਕੰਟਰੋਲ

ਅੰਦਰੂਨੀ ਪ੍ਰਕਿਰਿਆ ਸੰਬੰਧੀ ਨਿਯੰਤਰਣ ਇਸ ਟੈਸਟ ਵਿੱਚ ਸ਼ਾਮਲ ਕੀਤੇ ਗਏ ਹਨ। ਕੰਟਰੋਲ ਲਾਈਨ ਖੇਤਰ (C) ਵਿੱਚ ਦਿਖਾਈ ਦੇਣ ਵਾਲੀ ਰੰਗਦਾਰ ਲਾਈਨ ਇੱਕ ਅੰਦਰੂਨੀ ਪ੍ਰਕਿਰਿਆ ਸੰਬੰਧੀ ਨਿਯੰਤਰਣ ਹੈ। ਇਹ ਪੁਸ਼ਟੀ ਕਰਦੀ ਹੈ ਕਿ ਨਮੂਨੇ ਦੀ ਢੁਕਵੀਂ ਮਾਤਰਾ ਪਾਈ ਗਈ ਸੀ, ਅਤੇ ਸਹੀ ਪ੍ਰਕਿਰਿਆ ਕੀਤੀ ਗਈ ਸੀ।

## ਸੀਮਾਵਾਂ

1. SARS-CoV-2 ਐਂਟੀਜਨ ਰੈਪਿਡ ਟੈਸਟ ਕੇਵਲ ਸਵੈ-ਟੈਸਟ ਵਰਤੋਂ ਲਈ ਹੈ। ਟੈਸਟ ਦੀ ਵਰਤੋਂ ਸਿਰਫ ਨੱਕ ਵਿੱਚੋਂ ਲਏ ਫ਼ੰਬੇ ਦੇ ਨਮੂਨਿਆਂ ਵਿੱਚ SARS-CoV-2 ਐਂਟੀਜਨਾਂ ਦਾ ਪਤਾ ਲਗਾਉਣ ਲਈ ਕੀਤੀ ਜਾਣੀ ਚਾਹੀਦੀ ਹੈ। ਇਹ ਕੋਈ ਜ਼ਰੂਰੀ ਨਹੀਂ ਹੈ ਕਿ ਟੈਸਟ ਲਾਈਨ ਦੀ ਤੀਬਰਤਾ ਨਮੂਨੇ ਵਿੱਚ ਮੌਜੂਦ SARS-CoV-2 ਵਾਇਰਸ ਮਾਤਰਾ ਨਾਲ ਸੰਬੰਧਿਤ ਹੋਵੇ।
2. ਜੇਕਰ ਨਮੂਨੇ ਵਿੱਚ ਐਂਟੀਜਨ ਦਾ ਪੱਧਰ ਇਸ ਟੈਸਟ ਦੀ ਪਤਾ ਲਗਾਉਣ ਦੀ ਸੀਮਾ ਤੋਂ ਘੱਟ ਹੈ ਜਾਂ ਜੇਕਰ ਨਮੂਨਾ ਗਲਤ ਢੰਗ ਨਾਲ ਲਿਆ ਗਿਆ ਸੀ ਤਾਂ ਟੈਸਟ ਦਾ ਨਤੀਜਾ ਗਲਤ-ਨੈਗੇਟਿਵ ਹੋ ਸਕਦਾ ਹੈ।
3. ਟੈਸਟ ਦੇ ਨਤੀਜਿਆਂ ਨੂੰ ਡਾਕਟਰ ਕੋਲ ਉਪਲਬਧ ਹੋਰ ਕਲੀਨਿਕਲ ਡੇਟਾ ਦੇ ਨਾਲ ਦੇਖਿਆ ਜਾਣਾ ਚਾਹੀਦਾ ਹੈ।
4. ਟੈਸਟ ਸਿਰਫ਼ ਅਨੁਮਾਨਤ ਸਕ੍ਰੀਨਿੰਗ ਲਈ ਹੈ। ਸਕਾਰਾਤਮਕ ਨਤੀਜੇ ਦੇ ਪੁਸ਼ਟੀ ਕਰਨ ਟੈਸਟ ਲਈ, ਕਿਰਪਾ ਕਰਕੇ ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਦੀ ਸਲਾਹ ਅਤੇ ਨਿਯਮਾਂ ਦੀ ਪਾਲਣਾ ਕਰੋ।
5. ਟੈਸਟ ਦਾ ਪੌਜ਼ੇਟਿਵ ਨਤੀਜਾ ਜ਼ਰੂਰੀ ਤੌਰ 'ਤੇ ਇਹ ਨਿਰਧਾਰਤ ਨਹੀਂ ਕਰ ਸਕਦਾ ਹੈ ਕਿ ਕੀ ਕੋਈ ਵਿਅਕਤੀ ਛੂਤ ਗ੍ਰਸਤ ਹੈ ਜਾਂ ਨਹੀਂ।
6. ਟੈਸਟ ਦਾ ਸਕਾਰਾਤਮਕ ਨਤੀਜਾ ਦੂਜੇ ਰੋਗਾਣੂਆਂ ਦੇ ਨਾਲ ਸਹਿ-ਲਾਗ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕਰਦਾ ਹੈ।
7. ਟੈਸਟ ਦਾ ਸਕਾਰਾਤਮਕ ਨਤੀਜਾ SARS-CoV ਅਤੇ SARS-CoV-2 ਵਿਚਕਾਰ ਫ਼ਰਕ ਨਹੀਂ ਕਰਦਾ ਹੈ।
8. ਟੈਸਟ ਦਾ ਨੈਗੇਟਿਵ ਨਤੀਜਾ ਹੋਰ ਵਾਇਰਸਾਂ ਜਾਂ ਬੈਕਟੀਰੀਆ ਲਾਗਾਂ ਤੋਂ ਇਨਕਾਰ ਨਹੀਂ ਕਰਦਾ ਹੈ।
9. ਸੱਤ ਦਿਨਾਂ ਤੋਂ ਵੱਧ ਸਮੇਂ ਤੋਂ ਲੱਛਣ ਗ੍ਰਸਤ ਵਿਅਕਤੀ ਤੋਂ ਪ੍ਰਾਪਤ ਨੈਗੇਟਿਵ ਨਤੀਜਾ, ਸੰਭਾਵਿਤ ਤੌਰ 'ਤੇ ਨੈਗੇਟਿਵ ਮੰਨਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਲੋੜ ਹੋਵੇ ਤਾਂ ਪੁਸ਼ਟੀਕਰਨ ਟੈਸਟ ਬਾਰੇ ਸੇਧ ਲਈ ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਨੂੰ ਕੋਲ ਜਾਓ।
10. ਲਾਗ ਦੇ ਮਗਰਲੇ ਪੜਾਅ ਵਾਲੇ ਅਤੇ ਲੱਛਣ ਰਹਿਤ ਵਿਅਕਤੀਆਂ ਵਿੱਚ ਇਹ ਟੈਸਟ ਘੱਟ ਭਰੋਸੇਯੋਗ ਹੁੰਦਾ ਹੈ।

## ਸੰਪਰਕ ਜਾਣਕਾਰੀ ਅਤੇ ਔਨਲਾਈਨ ਸਹਾਇਤਾ

**ਰਾਜ ਸਰਕਾਰ ਦੀ ਕੋਵਿਡ ਸਹਾਇਤਾ ਲਾਈਨ:**

| ਸਟੇਟ ਅਥਾਰਟੀ | COVID-19 ਹੈਲਪਲਾਈਨ | ਕੰਮਕਾਜ਼ੀ ਘੰਟੇ | ਵੈੱਬਸਾਈਟ |
|---|---|---|---|
| ACT Government (ACT ਸਰਕਾਰ) | (02) 6207 7244 | 8am - 8pm, 7 ਦਿਨ | https://health.act.gov.au/ |
| Service NSW (ਸਰਵਿਸ NSW) | 13 77 88 | 24 ਘੰਟੇ, 7 ਦਿਨ | https://www.health.nsw.gov.au/ |
| NT Government ( NT ਸਰਕਾਰ) | 1800 490 484 | 8am - 4:30pm, 7 ਦਿਨ | https://health.nt.gov.au/ |
| QLD Health (QLD ਹੈਲਥ) | 13 42 68 | 24 ਘੰਟੇ, 7 ਦਿਨ | https://www.health.qld.gov.au/ |
| SA Government (SA ਸਰਕਾਰ) | 1800 253787 | 9am - 5pm, 7 ਦਿਨ | https://www.sahealth.sa.gov.au/ |
| TAS Government (TAS ਸਰਕਾਰ) | 1800 671 738 | ਹਫ਼ਤੇ ਦੇ ਦੌਰਾਨ 8am - 8pm; ਹਫ਼ਤੇ ਦੇ ਆਖ਼ਿਰ ਵਿੱਚ 8am - 4pm | https://www.health.tas.gov.au/ |
| VIC DHHS | 1800 675 398 | 24 ਘੰਟੇ, 7 ਦਿਨ | https://www.dhhs.vic.gov.au/coronavirus/ |
| WA Health (WA ਹੈਲਥ) | 1800 595 206 | 8am - 6pm, ਸੋਮ - ਸ਼ੁੱਕਰ | https://www.healthywa.wa.gov.au/ |

**ਉਤਪਾਦ ਸਹਾਇਤਾ ਲਾਈਨ**

ਸਹਾਇਤਾ ਸੇਵਾਵਾਂ ਲਈ ਆਸਟ੍ਰੇਲੀਅਨ ਸਪਾਂਸਰ ਨਾਲ ਸੰਪਰਕ ਕਰੋ: AusDiagnostics
ਵੈੱਬਸਾਈਟ: Ausdiagnostics.care
ਟੈਸਟ ਕਿੱਟ ਸੰਬੰਧੀ ਸਵਾਲਾਂ ਲਈ; ਫ਼ੋਨ ਕਰੋ: 1800 951 381 (24 ਘੰਟੇ, 7 ਦਿਨ)

**Therapeutic Goods Australia (ਥੈਰੇਪਿਊਟਿਕ ਗੁਡਜ਼ ਆਸਟ੍ਰੇਲੀਆ)**

ਸਵੈ-ਟੈਸਟ ਵਾਤਾਵਰਨ ਵਿੱਚ ਮਾੜੀ ਕਾਰਗੁਜ਼ਾਰੀ ਜਾਂ ਵਰਤੋਂ-ਯੋਗਤਾ ਸਮੱਸਿਆਵਾਂ ਦੀ ਰਿਪੋਰਟ ਕਰਨ ਲਈ TGA ਨਾਲ ਸੰਪਰਕ ਕਰੋ (Users Medical Device Incident Report (ਉਪਭੋਗਤਾ ਮੈਡੀਕਲ ਡਿਵਾਈਸ ਘਟਨਾ ਰਿਪੋਰਟ), ਈਮੇਲ iris@tga.gov.au ਰਾਹੀਂ ਜਾਂ 1800 809 361 'ਤੇ ਫ਼ੋਨ ਕਰੋ)

## ਕਾਰਗੁਜ਼ਾਰੀ ਵਿਸ਼ੇਸ਼ਤਾਵਾਂ

### ਕਲੀਨਿਕਲ ਸੰਵੇਦਨਸ਼ੀਲਤਾ, ਵਿਸ਼ੇਸ਼ਤਾ ਅਤੇ ਸ਼ੁੱਧਤਾ

SARS-CoV-2 ਐਂਟੀਜਨ ਰੈਪਿਡ ਟੈਸਟ ਦੀ ਕਾਰਗੁਜ਼ਾਰੀ ਉਹਨਾਂ ਵਿਅਕਤੀਆਂ ਤੋਂ ਇਕੱਤਰ ਕੀਤੇ ਗਏ 605 ਨੱਕ ਵਿੱਚੋਂ ਲਏ ਫ਼ੰਬਿਆਂ ਨਾਲ ਸਥਾਪਿਤ ਕੀਤੀ ਗਈ ਸੀ ਜਿਨ੍ਹਾਂ ਨੂੰ COVID-19 ਹੋਣ ਦਾ ਸ਼ੱਕ ਸੀ। ਇਸਦੇ ਨਤੀਜੇ ਦਰਸਾਉਂਦੇ ਹਨ ਕਿ ਸੰਵੇਦਨਸ਼ੀਲਤਾ 97.1% (165/170) ਹੈ, ਵਿਸ਼ੇਸ਼ਤਾ 99.5% (433/435) ਹੈ ਅਤੇ ਸਮੁੱਚੀ ਸ਼ੁੱਧਤਾ 98.8% (598/605) ਹੈ।

### ਉਪਯੋਗਤਾ ਅਧਿਐਨ

ਸਵੈ-ਜਾਂਚ ਮਾਹੌਲ ਵਿੱਚ 136 ਆਮ ਵਿਅਕਤੀਆਂ ਦੇ ਸਮੂਹ ਨਾਲ ਇੱਕ ਉਪਯੋਗਤਾ ਅਧਿਐਨ ਕੀਤਾ ਗਿਆ ਸੀ। ਪੇਸ਼ੇਵਰ RT-PCR ਟੈਸਟਿੰਗ ਨਾਲ ਤੁਲਨਾ ਕਰਦੇ ਹੋਏ, ਆਮ ਵਿਅਕਤੀ ਦੇ ਹੱਥਾਂ ਵਿੱਚ ਸੰਵੇਦਨਸ਼ੀਲਤਾ ਦੀ ਪੁਸ਼ਟੀ 93.9% ਹੋਈ ਹੈ ਅਤੇ ਵਿਸ਼ੇਸ਼ਤਾ 100% ਦੇ ਰੂਪ ਵਿੱਚ ਪੁਸ਼ਟੀ ਹੋਈ ਹੈ।

ਇੱਕ ਸਿਹਤ ਪੇਸ਼ੇਵਰ ਦੁਆਰਾ ਦਰਜ ਕੀਤੇ ਗਏ ਨਿਰੀਖਣ ਦੇ ਨਾਲ ਆਮ ਵਿਅਕਤੀ ਦੀ ਪ੍ਰਸ਼ਨਾਵਲੀ ਨੇ ਦਿਖਾਇਆ ਕਿ ਇਹ ਪੈਕੇਟ ਵਿਚਲੇ ਪਰਚੇ ਦੀ ਕਿਸੇ ਆਮ ਵਿਅਕਤੀ ਦੁਆਰਾ ਆਸਾਨੀ ਨਾਲ ਪਾਲਣਾ ਕੀਤੀ ਜਾ ਸਕਦੀ ਹੈ, ਅਤੇ ਇਹ ਕਿ ਇਹ ਟੈਸਟ ਕਿਸੇ ਆਮ ਵਿਅਕਤੀ ਦੁਆਰਾ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

### ਪਤਾ ਲਗਾਉਣ ਦੀ ਸੀਮਾ (LOD

SARS-CoV-2 ਐਂਟੀਜਨ ਰੈਪਿਡ ਟੈਸਟ ਦਾ LOD160 $TCID_{50}$/mL ਹੈ।

### ਇਸ ਬਾਰੇ ਜਾਣਕਾਰੀ ਕਿ ਇਹ ਟੈਸਟ COVID-19 ਦੇ ਕਿਹੜੇ ਰੂਪਾਂ ਦਾ ਪਤਾ ਲਗਾ ਸਕਦਾ ਹੈ

ਵੱਖ-ਵੱਖ ਰੂਪਾਂ ਦਾ ਮੁਲਾਂਕਣ ਕੀਤਾ ਗਿਆ ਸੀ। SARS-CoV-2 ਐਂਟੀਜਨ ਰੈਪਿਡ ਟੈਸਟ ਦੀ ਕਾਰਗੁਜ਼ਾਰੀ ਇਹਨਾਂ ਨਵੇਂ ਵਾਇਰਸ ਰੂਪ (ਰੂਪਾਂ) ਦੁਆਰਾ ਪ੍ਰਭਾਵਿਤ ਨਹੀਂ ਹੁੰਦੀ ਹੈ ਜਿਸ ਵਿੱਚ ਸ਼ਾਮਲ ਹਨ: ਅਲਫ਼ਾ, ਬੀਟਾ, ਗਾਮਾ, ਡੈਲਟਾ, ਕੈਪਾ, ਈਟਾ, ਮੂਅ, ਐਪਸਿਲੋਨ, ਲੋਟਾ, ਲਾਂਬਡਾ, ਜ਼ੇਟਾ, ਥੀਟਾ, ਬੀ.1.616, ਬੀ.1.617, ਬੀ.1.617.3, ਬੀ.1.618, ਏ.23.1 ਆਦਿ।

### ਅੰਤਰ-ਪ੍ਰਤੀਕਿਰਿਆ (ਵਿਸ਼ਲੇਸ਼ਣ ਸੰਬੰਧੀ ਵਿਸ਼ੇਸ਼ਤਾ) ਅਤੇ ਮਾਈਕ੍ਰੋਬਾਇਲ ਦਖ਼ਲ

ਅੰਤਰ-ਪ੍ਰਤੀਕਿਰਿਆ ਦਾ ਮੁਲਾਂਕਣ ਸੰਬੰਧਿਤ ਜਰਾਸੀਮਾਂ ਅਤੇ ਸੂਖ਼ਮ ਜੀਵਾਣੂਆਂ ਦੇ ਇੱਕ ਪੈਨਲ ਦੀ ਜਾਂਚ ਕਰਕੇ ਕੀਤਾ ਗਿਆ ਸੀ ਜਿੰਨ੍ਹਾਂ ਦੀ ਨੱਕ ਦੇ ਖੋਲ ਵਿੱਚ ਮੌਜੂਦ ਹੋਣ ਦੀ ਸੰਭਾਵਨਾ ਹੈ। ਹਰੇਕ ਜੀਵਾਣੂ ਅਤੇ ਵਾਇਰਸ ਦੀ ਘੱਟ ਸਕਾਰਾਤਮਕ ਪੱਧਰ 'ਤੇ ਗਰਮੀ-ਅਕਿਰਿਆਸ਼ੀਲ SARS-CoV-2 ਵਾਇਰਸ ਦੀ ਅਣਹੋਂਦ ਜਾਂ ਮੌਜੂਦਗੀ ਵਿੱਚ ਜਾਂਚ ਕੀਤੀ ਗਈ ਸੀ।
ਹੇਠਾਂ ਦਿੱਤੇ ਸੂਖ਼ਮ ਜੀਵਾਣੂਆਂ ਨਾਲ ਕੋਈ ਅੰਤਰ-ਪ੍ਰਤੀਕਿਰਿਆ ਜਾਂ ਦਖ਼ਲ ਨਹੀਂ ਦੇਖਿਆ ਗਿਆ ਹੈ:

| | | |
|---|---|---|
| Adenovirus (ਐਡੀਨੋਵਾਇਰਸ) | Enterovirus (ਐਂਟਰੋਵਾਇਰਸ) | Human coronavirus 229E (ਮਨੁੱਖੀ ਕੋਰੋਨਾਵਾਇਰਸ 229E) |
| Human coronavirus OC43 ( ਮਨੁੱਖੀ ਕੋਰੋਨਾਵਾਇਰਸ OC43) | Human coronavirus NL63 (ਮਨੁੱਖੀ ਕੋਰੋਨਾਵਾਇਰਸ NL63) | Human Metapneumovirus (ਮਨੁੱਖੀ ਮੈਟਾਨੀਓਮੋਵਾਇਰਸ) |
| MERS-coronavirus (MERS-ਕੋਰੋਨਾਵਾਇਰਸ) | Influenza A (ਇਨਫਲੂਐਂਜ਼ਾ ਏ) | Influenza B (ਇਨਫਲੂਐਂਜ਼ਾ ਬੀ) |
| Parainfluenza virus 1( ਪੈਰੇਨਫਲੂਏਂਜ਼ਾ ਵਾਇਰਸ 1) | Parainfluenza virus 2 ( ਪੈਰੇਨਫਲੂਏਂਜ਼ਾ ਵਾਇਰਸ 2) | Parainfluenza virus 3 ( ਪੈਰੇਨਫਲੂਏਂਜ਼ਾ ਵਾਇਰਸ 3) |
| Parainfluenza virus 4 ( ਪੈਰੇਨਫਲੂਏਂਜ਼ਾ ਵਾਇਰਸ 4) | Respiratory syncytial virus (ਰੈਸਪੀਰੇਟਰੀ ਸਿਨਸੀਸ਼ਿਅਲ ਵਾਇਰਸ) | Rhinovirus (ਰਾਈਨੋਵਾਇਰਸ) |
| Human coronavirus- HKU1(ਮਨੁੱਖੀ ਕੋਰੋਨਾਵਾਇਰਸ HKU1) | Bordetella pertussis (ਬੋਰਡੇਟੇਲਾ ਪਰਟੂਸਿਸ) | Chlamydia trachomatis (ਕਲੈਮੀਡੀਆ ਟ੍ਰੈਕੋਮੇਟਿਸ) |
| Haemophilus influenza (ਹੀਮੋਫਾਇਲਸ ਫਲੂ) | Legionella pneumophila (ਲੀਜੀਓਨੇਲਾ ਨਿਊਮੋਫਿਲਾ) | Mycobacterium tuberculosis ( ਮਾਈਕੋਬੈਕਟੀਰੀਅਮ ਤਪਦਿਕ) |
| Mycoplasma pneumoniae (ਮਾਈਕੋਪਲਾਜ਼ਮਾ ਨਿਮੋਨੀਆ) | Staphylococcus aureus (ਸਟੈਫ਼ੀਲੋਕੋਕਸ ਔਰੀਅਸ) | Staphylococcus epidermidis (ਸਟੈਫ਼ੀਲੋਕੋਕਸ ਐਪੀਡਰਮੀਡਿਸ) |
| Streptococcus pneumoniae (ਸਟ੍ਰੈਪਟੋਕਾਕਸ ਨਮੂਨੀਆ) | Streptococcus pyogenes (ਸਟ੍ਰੈਪਟੋਕਾਕਸ ਪਾਈਓਜੀਨਸ) | Pneumocystis jirovecii-S. cerevisiae (ਨਿਊਮੋਸਿਸਟਿਸ ਜੀਰੋਵੇਸੀ-ਐਸ. ਸਰੇਵੀਸੀਐ) |
| Pseudomonas aeruginosa (ਸੂਡੋਮੋਨਸ ਐਰੂਗਿਨੋਸਾ) | Chlamydia pneumoniae (ਕਲੈਮੀਡੀਆ ਨਮੂਨੀਆ) | Candida albicans (ਕੈਂਡੀਡਾ ਅਲਬੀਕਾਂਸ) |
| Pooled human nasal wash (ਪੂਲਡ ਮਨੁੱਖੀ ਨੱਕ ਨੂੰ ਧੋਣ ਵਾਲਾ ਪਦਾਰਥ) | | |

### ਦਖ਼ਲ ਦੇਣ ਵਾਲੇ ਪਦਾਰਥ

ਨਿਮਨਲਿਖਤ ਪਦਾਰਥਾਂ, ਜੋ ਕੁਦਰਤੀ ਤੌਰ 'ਤੇ ਸਾਹ ਦੇ ਨਮੂਨਿਆਂ ਵਿੱਚ ਮੌਜੂਦ ਹੁੰਦੇ ਹਨ ਜਾਂ ਜੋ ਨੱਕ ਦੇ ਖੋਲ ਜਾਂ ਨਾਸੋਫੈਰਨਕਸ ਵਿੱਚ ਬਨਾਵਟੀ ਤੌਰ 'ਤੇ ਦਾਖ਼ਲ ਕੀਤੇ ਜਾ ਸਕਦੇ ਹਨ, ਦਾ ਮੁਲਾਂਕਣ ਕੀਤਾ ਗਿਆ ਸੀ। ਹਰੇਕ ਪਦਾਰਥ ਦੀ ਘੱਟ ਸਕਾਰਾਤਮਕ ਪੱਧਰ 'ਤੇ SARS-CoV-2 ਵਾਇਰਸ ਦੀ ਅਣਹੋਂਦ ਜਾਂ ਮੌਜੂਦਗੀ ਵਿੱਚ ਜਾਂਚ ਕੀਤੀ ਗਈ ਸੀ। ਇਹ ਟੈਸਟ ਕੀਤੇ ਗਏ ਪਦਾਰਥ ਹੇਠਾਂ ਸੂਚੀਬੱਧ ਕੀਤੇ ਗਏ ਹਨ ਅਤੇ ਇਹ ਪਾਇਆ ਗਿਆ ਕਿ ਉਹ ਟੈਸਟ ਦੀ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

| | |
|---|---|
| Endogenous (ਐਂਡੋਜਨਸ) | NeilMed NasoGel for Dry Noses (ਖੁਸ਼ਕ ਨੱਕ ਲਈ ਨੀਲਮੈਡ ਨਾਸੋਜੈੱਲ) |
| Afrin Original Nasal Spray (ਆਫ਼ਰਿਨ ਓਰਿਜਨਲ ਨਾਸਲ ਸਪਰੇਅ) | Throat Lozenge (Dyclonine Hydrochloride) (ਥਰੋਟ ਲੋਜ਼ੈਂਜਸ) (ਡਾਈਕਲੋਨਾਈਨ ਹਾਈਡ੍ਰੋਕਲੋਰਾਈਡ) |
| ALKALOL Allergy Relief Nasal Spray (ALKALOL ਐਲਰਜੀ ਰਲੀਫ਼ ਨਾਸਲ ਸਪਰੇਅ) | Zicam Cold Remedy (ਜ਼ਿਕਮ ਕੋਲਡ ਉਪਚਾਰ) |
| Chloraseptic Max Sore Throat Lozenges (ਕਲੋਰਸੈਪਟਿਕ ਮੈਕਸ ਦੁਖਦੇ ਗਲੇ ਲਈ ਚੂਸਣ ਵਾਲੀਆਂ ਗੋਲੀਆਂ) | Antibiotic (Mupirocin) (ਐਂਟੀਬਾਇਓਟਿਕ (ਮੁਪੀਰੋਸਿਨ)) |
| CVS Health Fluticasone Propionate Nasal Spray (ਸੀਵੀਐਸ ਹੈਲਥ ਫਲੂਟੀਕਾਸੋਨ ਪ੍ਰੋਪੀਓਨੇਟ ਨਾਸਲ ਸਪਰੇਅ) | Tamiflu (ਟੈਮੀਫਲੂ) |
| Equate Fast-Acting Nasal Spray (ਇਕੁਏਟ ਫਾਸਟ-ਐਕਟਿੰਗ ਨਾਸਲ ਸਪਰੇਅ) | Antibiotic (Tobramycin) (ਐਂਟੀਬਾਇਓਟਿਕ (ਟੋਬਰਾਮਾਈਸਿਨ)) |
| Equate Sore Throat Phenol Oral Anesthetic Spray (ਇਕੁਏਟ ਸੋਰ ਥਰੋਟ ਫਿਨੋਲ ਓਰਲ ਐਨੇਸਥੀਟਿਕ ਸਪਰੇਅ) | Mometasone Furoate Nasal Spray (ਮੋਮੇਟਾਸੋਨ ਫੁਰੋਏਟ ਨਾਸਲ ਸਪਰੇਅ) |
| Original Extra Strong Menthol Cough Lozenges (ਅਰਿਜਨਲ ਐਕਸਟ੍ਰਾ ਸਟ੍ਰਾਂਗ ਮੇਂਥੋਲ ਖੰਘ ਲਈ ਚੂਸਣ ਵਾਲੀਆਂ ਗੋਲੀਆਂ) | Physiological Seawater Nasal Cleaner (ਭੌਤਿਕ ਸਮੁੰਦਰੀ ਪਾਣੀ ਯੁਕਤ ਨੱਕ ਨੂੰ ਸਾਫ਼ ਕਰਨ ਵਾਲਾ) |
| NasalCrom Nasal Spray (ਨਾਸਲਕ੍ਰੋਮ ਨਾਸਲ ਸਪਰੇਅ) | |

## ਅਕਸਰ ਪੁੱਛੇ ਜਾਣ ਵਾਲੇ ਸਵਾਲ

**Q: ਕੀ ਇਹ ਟੈਸਟ ਦਰਦ ਕਰੇਗਾ?**
**A:** ਨਹੀਂ, ਨੱਕ ਵਿੱਚੋਂ ਨਮੂਨਾ ਲੈਣ ਵਾਲੇ ਫ਼ੰਬੇ ਵਿੱਚ ਵਿੱਚ ਫੋਮ ਹੁੰਦੀ ਹੈ ਅਤੇ ਇਹ ਤਿੱਖਾ ਨਹੀਂ ਹੈ, ਅਤੇ ਇਸ ਨੂੰ ਦਰਦ ਨਹੀਂ ਕਰਨਾ ਚਾਹੀਦਾ ਹੈ। ਕਦੇ-ਕਦਾਈਂ ਇਹ ਫ਼ੰਬਾ ਥੋੜ੍ਹਾ ਬੇਆਰਾਮ ਮਹਿਸੂਸ ਕਰਵਾ ਸਕਦਾ ਹੈ। ਜੇ ਤੁਸੀਂ ਦਰਦ ਮਹਿਸੂਸ ਕਰਦੇ ਹੋ, ਤਾਂ ਕਿਰਪਾ ਕਰਕੇ ਟੈਸਟ ਰੋਕ ਦਿਓ, ਅਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਤੋਂ ਸਲਾਹ ਲਓ।

**Q: ਜੇਕਰ ਤੁਹਾਡਾ ਟੈਸਟ ਸਕਾਰਾਤਮਕ (ਪੌਜ਼ੇਟਿਵ) ਆਉਂਦਾ ਹੈ ਤਾਂ ਕੀ ਹੋਵੇਗਾ?**
**A:** ਟੈਸਟ ਦੇ ਸਕਾਰਾਤਮਕ (ਪੌਜ਼ੇਟਿਵ) ਨਤੀਜੇ ਦਾ ਮਤਲਬ ਹੈ ਕਿ COVID-19 ਤੋਂ ਐਂਟੀਜੇਨਾਂ ਦੇ ਹੋਣ ਦਾ ਪਤਾ ਲੱਗਿਆ ਸੀ ਅਤੇ ਇਸਦੀ ਬਹੁਤ ਸੰਭਾਵਨਾ ਹੈ ਕਿ ਤੁਹਾਨੂੰ ਇਸ ਸਮੇਂ COVID-19 ਦੀ ਬਿਮਾਰੀ ਹੈ। ਐਥੇ ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਹ ਟੈਸਟ ਕੋਈ ਸਕਾਰਾਤਮਕ ਨਤੀਜਾ ਦੇ ਸਕਦਾ ਹੈ ਜੋ ਕਿ ਗਲਤ ਹੈ (ਗਲਤ ਸਕਾਰਾਤਮਕ ਨਤੀਜਾ)। ਜੇ ਤੁਹਾਡਾ ਟੈਸਟ ਸਕਾਰਾਤਮਕ ਆਉਂਦਾ ਹੈ ਤਾਂ ਤੁਹਾਨੂੰ ਦੂਜਿਆਂ ਵਿੱਚ ਇਸ ਵਾਇਰਸ ਨੂੰ ਫ਼ੈਲਣ ਤੋਂ ਰੋਕਣ ਲਈ ਘਰ ਵਿੱਚ ਆਪਣੇ ਆਪ ਨੂੰ ਇਕਾਂਤਵਾਸ ਕਰਨਾ ਚਾਹੀਦਾ ਹੈ। ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਦੀ ਸਲਾਹ ਅਤੇ ਨਿਯਮਾਂ ਦੀ ਪਾਲਣਾ ਕਰੋ। ਇੱਕ ਵਾਰ ਪੁਸ਼ਟੀ ਹੋਣ 'ਤੇ ਇਕਾਂਤਵਾਸ ਲਈ ਆਪਣੀ ਸਟੇਟ ਦੇ ਨਿਯਮਾਂ ਦੀ ਪਾਲਣਾ ਕਰੋ ਅਤੇ ਕਲੀਨਿਕਲ ਦੇਖਭਾਲ ਦਾ ਪਾਲਣ ਕਰੋ।

**Q: ਜੇਕਰ ਤੁਹਾਡਾ ਟੈਸਟ ਨਕਾਰਾਤਮਕ (ਨੈਗੇਟਿਵ) ਆਉਂਦਾ ਹੈ ਤਾਂ ਕੀ ਹੋਵੇਗਾ?**
**A:** ਟੈਸਟ ਦੇ ਨਕਾਰਾਤਮਕ ਨਤੀਜੇ ਦਰਸਾਉਂਦੇ ਹਨ ਕਿ COVID-19 ਦੇ ਕੋਈ ਐਂਟੀਜੇਨ ਨਹੀਂ ਪਾਏ ਗਏ ਹਨ। ਇਸ ਟੈਸਟ ਵਿੱਚ COVID-19 ਗ੍ਰਸਤ ਕੁੱਝ ਲੋਕਾਂ ਵਿੱਚ ਨਕਾਰਾਤਮਕ ਨਤੀਜਾ ਆਉਣਾ ਸੰਭਵ ਹੈ ਜੋ ਕਿ ਸਹੀ ਨਹੀਂ (ਗਲਤ ਨਕਾਰਾਤਮਕ) ਹੁੰਦਾ ਹੈ, ਅਤੇ ਨਕਾਰਾਤਮਕ ਨਤੀਜੇ ਸੰਭਾਵੀ ਹਨ ਅਤੇ ਉਹਨਾਂ ਦੀ ਪੁਸ਼ਟੀ ਕਰਨ ਦੀ ਲੋੜ ਹੋ ਸਕਦੀ ਹੈ। ਇਸਦਾ ਮਤਲਬ ਹੈ ਕਿ ਇਸ ਟੈਸਟ ਦਾ ਨਤੀਜਾ ਨਕਾਰਾਤਮਕ ਹੋਣ ਦੇ ਬਾਵਜੂਦ ਵੀ ਤੁਹਾਨੂੰ COVID-19 ਹੋਇਆ ਹੋ ਸਕਦਾ ਹੈ। ਜੇਕਰ ਤੁਹਾਡਾ ਟੈਸਟ ਨਕਾਰਾਤਮਕ ਆਉਂਦਾ ਹੈ ਅਤੇ ਤੁਸੀਂ ਬੁਖ਼ਾਰ, ਖੰਘ ਅਤੇ/ਜਾਂ ਸਾਹ ਲੈਣ ਵਿੱਚ ਤਕਲੀਫ਼ ਦੇ ਲੱਛਣਾਂ ਦਾ ਅਨੁਭਵ ਕਰਨਾ ਜਾਰੀ ਰੱਖਦੇ ਹੋ, ਤਾਂ ਕਿਰਪਾ ਕਰਕੇ ਤੁਹਾਨੂੰ ਪੁਸ਼ਟੀਕਰਨ ਜਾਂਚ ਬਾਰੇ ਸੇਧ ਲਈ ਸੰਬੰਧਿਤ ਸਟੇਟ ਜਾਂ ਟ੍ਰੀਟਰੀ ਦੀ ਸਿਹਤ ਅਥਾਰਟੀ ਨਾਲ ਰਾਬਤਾ ਕਰੋ। ਜੇਕਰ ਤੁਸੀਂ ਬਿਮਾਰ ਹੋ ਤਾਂ ਤੁਹਾਨੂੰ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

**Q: ਇਸ ਟੈਸਟ ਦੇ ਗਿਆਤ ਸੰਭਾਵੀ ਜ਼ੋਖਮ ਅਤੇ ਲਾਭ ਕੀ ਹਨ?**
**A: ਸੰਭਾਵੀ ਜ਼ੋਖਮਾਂ ਵਿੱਚ ਸ਼ਾਮਲ ਹਨ:**
- ਨਮੂਨਾ ਲੈਣ ਦੌਰਾਨ ਸੰਭਾਵੀ ਬੇਅਰਾਮੀ।
- ਸੰਭਾਵੀ ਗਲਤ ਟੈਸਟ ਨਤੀਜੇ (IFU ਵਿੱਚ '**ਨਤੀਜੇ ਨੂੰ ਵੇਖਣਾ** ਵਾਲਾ ਭਾਗ ਵੇਖੋ) ।

**ਸੰਭਾਵੀ ਲਾਭਾਂ ਵਿੱਚ ਸ਼ਾਮਲ ਹਨ:**
- ਇਹ ਨਤੀਜੇ, ਹੋਰ ਜਾਣਕਾਰੀ ਦੇ ਨਾਲ, ਤੁਹਾਡੀ ਦੇਖਭਾਲ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਤੁਹਾਡੀ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੀ ਮੱਦਦ ਕਰ ਸਕਦੇ ਹਨ।
- ਇਸ ਟੈਸਟ ਦੇ ਨਤੀਜੇ ਤੁਹਾਡੇ ਪਰਿਵਾਰ ਅਤੇ ਤੁਹਾਡੇ ਭਾਈਚਾਰੇ ਦੇ ਹੋਰ ਲੋਕਾਂ ਤੱਕ COVID-19 ਦੇ ਫ਼ੈਲਾਅ ਨੂੰ ਸੀਮਤ ਕਰਨ ਵਿੱਚ ਮੱਦਦ ਕਰ ਸਕਦੇ ਹਨ।

**Q: ਐਂਟੀਜਨ ਅਤੇ ਪੀਸੀਆਰ (PCR) ਟੈਸਟ ਵਿੱਚ ਕੀ ਅੰਤਰ ਹੈ?**
**A:** COVID-19 ਲਈ ਵੱਖ-ਵੱਖ ਕਿਸਮਾਂ ਦੇ ਟੈਸਟ ਹਨ। PCR ਟੈਸਟ ਇਸ ਵਾਇਰਸ ਤੋਂ ਜੈਨੇਟਿਕ ਸਮੱਗਰੀ ਦਾ ਪਤਾ ਲਗਾਉਂਦੇ ਹਨ। ਐਂਟੀਜਨ ਟੈਸਟ, ਜਿਵੇਂ ਕਿ SARS-CoV-2 ਐਂਟੀਜਨ ਰੈਪਿਡ ਟੈਸਟ (ਸਵੈ-ਟੈਸਟਿੰਗ) ਵਾਇਰਸ ਤੋਂ ਪ੍ਰੋਟੀਨ ਦਾ ਪਤਾ ਲਗਾਉਂਦੇ ਹਨ। COVID-19 ਵਾਇਰਸ ਲਈ ਐਂਟੀਜਨ ਟੈਸਟ ਬਹੁਤ ਖਾਸ ਹੁੰਦੇ ਹਨ ਪਰ ਅਣੂ ਟੈਸਟਾਂ ਵਾਂਗ ਸੰਵੇਦਨਸ਼ੀਲ ਨਹੀਂ ਹੁੰਦੇ ਹਨ। ਇਸਦਾ ਮਤਲਬ ਹੈ ਕਿ ਸਕਾਰਾਤਮਕ ਨਤੀਜਾ ਬਹੁਤ ਸਹੀ ਹੁੰਦਾ ਹੈ, ਪਰ ਨਕਾਰਾਤਮਕ ਨਤੀਜਾ ਲਾਗ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕਰਦਾ ਹੈ।

**Q: ਕੀ ਇਹ ਟੈਸਟ ਵਾਇਰਸ ਦੇ ਨਵੇਂ ਰੂਪਾਂ ਦਾ ਪਤਾ ਲਗਾਉਂਦਾ ਹੈ?**
**A:** *ACON* ਕੋਲ COVID-19 ਵਾਇਰਸ ਦੇ ਰੂਪ ਬਦਲਣ ਦੀ ਨਿਗਰਾਨੀ ਕਰਨ ਅਤੇ ਉਹਨਾਂ ਦਾ ਪਤਾ ਲਗਾਉਣ ਅਤੇ ਨਵੇਂ ਰੂਪਾਂ ਦਾ ਪਤਾ ਲਗਾਉਣ ਦੀ ਯੋਗਤਾ ਨੂੰ ਯਕੀਨੀ ਬਣਾਉਣ ਲਈ ਇਸ ਦੀਆਂ ਟੈਸਟ ਕਿੱਟਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਪ੍ਰਕਿਰਿਆਵਾਂ ਲਾਗੂ ਹਨ।

**Q: ਕੀ ਟੀਕਾਕਰਨ ਕਰਵਾ ਚੁੱਕੇ ਲੋਕ ਇਸ ਟੈਸਟ ਦੀ ਵਰਤੋਂ ਕਰ ਸਕਦੇ ਹਨ?**
**A:** ਹਾਂ, ਲੱਛਣ ਗ੍ਰਸਤ ਜਾਂ ਬਿਨਾਂ ਲੱਛਣ ਵਾਲੇ ਵਿਅਕਤੀ ਟੀਕਾਕਰਨ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਇਸ ਟੈਸਟ ਦੀ ਵਰਤੋਂ ਕਰ ਸਕਦੇ ਹਨ।

**Q: ਮੈਨੂੰ ਲੈਟੇਕਸ ਤੋਂ ਐਲਰਜੀ ਹੈ; ਕੀ ਮੈਂ ਇਸ ਉਤਪਾਦ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?**
**A:** ਇਸ ਉਤਪਾਦ ਦੇ ਕਿਸੇ ਭਾਗਾਂ ਵਿੱਚ ਲੈਟੇਕਸ ਨਹੀਂ ਹੈ। ਕਿਸੇ ਵੀ ਐਲਰਜੀ ਸੰਬੰਧੀ ਚਿੰਤਾਵਾਂ ਲਈ ਕਿਰਪਾ ਕਰਕੇ ਸਲਾਹ ਲਈ ਆਪਣੇ ਜਨਰਲ ਪ੍ਰੈਕਟੀਸ਼ਨਰ ਨਾਲ ਸੰਪਰਕ ਕਰੋ।

**Q: ਮੈਂ ਗਰਭਵਤੀ ਹਾਂ; ਕੀ ਮੈਂ ਇਸ ਉਤਪਾਦ ਦੀ ਵਰਤੋਂ ਕਰ ਸਕਦੀ ਹਾਂ?**
**A:** ਇਸ ਉਤਪਾਦ ਦੇ ਭਾਗਾਂ ਨੂੰ ਨਿਗਲਣ ਦੀ ਲੋੜ ਨਹੀਂ ਹੈ। ਇਸ ਲਈ ਇਹ ਟੈਸਟ ਗਰਭ ਅਵਸਥਾ ਦੌਰਾਨ ਵਰਤਣ ਲਈ ਸੁਰੱਖਿਅਤ ਹੈ। ਜੇਕਰ ਤੁਹਾਨੂੰ ਕੋਈ ਚਿੰਤਾ ਹੈ ਤਾਂ ਕਿਰਪਾ ਕਰਕੇ ਸਲਾਹ ਲਈ ਆਪਣੇ ਜਨਰਲ ਪ੍ਰੈਕਟੀਸ਼ਨਰ ਨਾਲ ਸੰਪਰਕ ਕਰੋ।

**Q: ਕੀ ਮੈਂ ਆਪਣੇ ਖੁਦ ਦੇ ਫ਼ੰਬੇ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?**
**A:** ਨਹੀਂ, ਤੁਹਾਨੂੰ ਸਿਰਫ਼ ਟੈਸਟ ਕਿੱਟ ਵਿੱਚ ਸ਼ਾਮਲ ਸਮੱਗਰੀ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।

**Q: ਕੀ ਮੈਂ ਟੈਸਟ ਕਿੱਟ ਦੇ ਕਿਸੇ ਵੀ ਹਿੱਸੇ ਦੀ ਦੁਬਾਰਾ ਵਰਤੋਂ ਕਰ ਸਕਦਾ/ਸਕਦੀ ਹਾਂ?**
**A:** ਨਹੀਂ, ਟੈਸਟ ਕਿੱਟ ਦੇ ਕਿਸੇ ਵੀ ਹਿੱਸੇ ਨੂੰ ਦੁਬਾਰਾ ਵਰਤਿਆ ਜਾਂ ਕਿਸੇ ਹੋਰ ਟੈਸਟ ਕਿੱਟ ਨਾਲ ਵਰਤਣ ਲਈ ਸੰਭਾਲਿਆ ਨਹੀਂ ਜਾ ਸਕਦਾ ਹੈ।

**Q: ਕੀ ਮੈਨੂੰ ਆਪਣੇ ਖੱਬੇ ਪਾਸੇ ਦੀ ਨਾਸ ਜਾਂ ਸੱਜੇ ਪਾਸੇ ਦੀ ਨਾਸ ਵਿੱਚ ਫ਼ੰਬੇ ਨੂੰ ਲਗਾਉਣਾ ਚਾਹੀਦਾ ਹੈ?**
**A:** ਕਿਰਪਾ ਕਰਕੇ ਸਹੀ ਨਤੀਜਾ ਪੈਦਾ ਕਰਨ ਲਈ ਲੋੜੀਂਦੇ ਨਮੂਨੇ ਨੂੰ ਇਕੱਠਾ ਕਰਨ ਨੂੰ ਯਕੀਨੀ ਬਣਾਉਣ ਲਈ ਆਪਣੀਆਂ ਦੋਹਾਂ ਨਾਸਾਂ ਤੋਂ ਨਮੂਨਾ ਇਕੱਠਾ ਕਰਨ ਲਈ ਫ਼ੰਬੇ ਦੀ ਵਰਤੋਂ ਕਰੋ।

**Q: ਮੈਨੂੰ ਆਪਣੀ ਨੱਕ ਵਿੱਚ ਕਿੰਨੀ ਦੇਰ ਲਈ ਫ਼ੰਬੇ ਨੂੰ ਫੇਰਨਾ ਹੋਵੇਗਾ?**
**A:** ਨੱਕ ਦੀ ਅੰਦਰਲੀ ਪਰਤ ਦੇ ਦੁਆਲੇ ਫ਼ੰਬੇ ਨੂੰ ਗੋਲ-ਗੋਲ ਘੁੰਮਾਉਂਦੇ ਹੋਏ 5 ਵਾਰ ਮਜ਼ਬੂਤੀ ਨਾਲ ਰਗੜੋ। ਨਮੂਨਾ ਇਕੱਠਾ ਕਰਨ ਲਈ ਲਗਭਗ 15 ਸਕਿੰਟ ਦਾ ਸਮਾਂ ਲਓ। ਨੱਕ ਵਿੱਚੋਂ ਨਿਕਲਣ ਵਾਲਦੇ ਕਿਸੇ ਵੀ ਪਦਾਰਥ ਨੂੰ ਇਕੱਠਾ ਕਰਨਾ ਯਕੀਨੀ ਬਣਾਓ ਜੋ ਫੰਬੇ ਉੱਤੇ ਮੌਜੂਦ ਹੋ ਸਕਦਾ ਹੈ। ਇਸ ਨੂੰ ਦੂਜੇ ਪਾਸੇ ਦੀ ਨਾਸ ਵਿੱਚ ਦੁਹਰਾਓ।

## ਹਵਾਲੇ ਵਜੋਂ ਦਿੱਤੀਆਂ ਕਿਤਾਬਾਂ ਦੀ ਸੂਚੀ


1. Shuo Su, Gary Wong, Weifeng Shi, et al. Epidemiology, Genetic recombination, and pathogenesis of coronaviruses. Trends in Microbiology, June 2016, vol. 24, No. 6: 490-502
2. Susan R. Weiss, Julian L. Leibowitz, Coronavirus Pathogenesis, Advances in Virus Research, Volume 81: 85-164


**ਚਿੰਨ੍ਹਾਂ ਦਾ ਸੂਚਕਾਂਕ**

| | | | | | |
|---|---|---|---|---|---|
| | ਨਿਰਮਾਤਾ | | <n> ਟੈਸਟਾਂ ਲਈ ਲੋੜੀਂਦੀ ਸਮੱਗਰੀ ਸ਼ਾਮਲ ਹੈ | | ਤਾਪਮਾਨ ਦੀ ਸੀਮਾ |
| IVD | *ਕੱਚ ਉੱਪਰ* ਜਾਂਚ ਕਰਨ ਵਾਲਾ ਮੈਡੀਕਲ ਯੰਤਰ | | ਮਿਆਦ ਮਿਤੀ | | ਦੁਬਾਰਾ ਨਾ ਵਰਤੋਂ |
| | ਵਰਤੋਂ ਲਈ ਹਦਾਇਤਾਂ ਨੂੰ ਵੇਖੋ | LOT | ਬੈਚ ਕੋਡ | REF | ਕੈਟਾਲਾਗ ਨੰਬਰ |
| | ਨਿਰਮਾਣ ਦੀ ਮਿਤੀ | | ਜੈਵਿਕ ਜ਼ੋਖਮ | | |


***ACON* Biotech (Hangzhou) Co., Ltd.**
No.210 Zhenzhong Road, West Lake District, Hangzhou, P.R. China, 310030

**ਸਪਾਂਸਰ**

**AusDiagnostics Pty Ltd.**
290-292 Coward Street, Mascot, NSW 2020, Australia


**AusDiagnostics ਸਹਾਇਤਾ ਹੈਲਪਲਾਈਨ: 1800951381 (24 ਘੰਟੇ, 7 ਦਿਨ)**

**ARTG 382031**


ਨੰਬਰ: 1151394003
ਲਾਗੂ ਹੋਣ ਦੀ ਤਾਰੀਖ਼: 2022-xx-xx